Most Urgent

**ਪੰਜਾਬ ਸਰਕਾਰ**
**ਕਿਰਤ ਵਿਭਾਗ**
**(ਕਿਰਤ ਸ਼ਾਖਾ)**

ਸੇਵਾ ਵਿਖੇ,

ਰਾਜ ਦੇ ਸਾਰੇ,
1. ਡਿਪਟੀ/ਸਹਾਇਕ ਡਾਇਰੈਕਟਰ ਆਫ ਫੈਕਟਰੀਜ,
2. ਸਹਾਇਕ ਕਿਰਤ ਕਮਿਸਨਰ/ਕਿਰਤ ਤੇ ਸੁਲਾਹ ਅਫਸਰ,
3. ਕਿਰਤ ਇੰਸਪੈਕਟਰ ਗ੍ਰੇਡ-1 , 2/ ਲੇਬਰ ਇੰਨਫੋਰਸਮੈਂਟ ਅਫਸਰ

ਨੰ: 21/39/19-5ਕਿ/552
ਮਿਤੀ: 19/03/2020

ਵਿਸ਼ਾ:- **COVID-19 ਦੀ ਰੋਕਥਾਮ ਅਤੇ ਜਾਗਰੂਕਤਾ ਲਈ ਗਾਈਡਲਾਈਨਜ ਦੀ ਪਾਲਣਾ ਕਰਨ ਬਾਰੇ।**

****

ਹਵਾਲਾ:- ਕਿਰਤ ਕਮਿਸ਼ਨਰ, ਪੰਜਾਬ ਵੱਲੋਂ ਜਾਰੀ ਕੀਤੇ ਪੱਤਰ ਨੰ: 7497-7624 ਮਿਤੀ 16-03-2020 ਉਪਰੋਕਤ ਵਿਸ਼ੇ ਤੇ।

ਉਪਰੋਕਤ ਹਵਾਲਾ ਪੱਤਰ ਰਾਹੀਂ ਆਪ ਨੂੰ ਹਦਾਇਤ ਕੀਤੀ ਗਈ ਸੀ ਕਿ ਆਪ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਸਾਰੀਆਂ ਫੈਕਟਰੀਆਂ/ਦੁਕਾਨਾਂ/ਵਪਾਰਕ ਅਦਾਰਿਆਂ ਦੇ ਪ੍ਰਬੰਧਕਾਂ ਨੂੰ ਵਿਭਾਗ ਵੱਲੋਂ COVID-19 ਦੀ ਰੋਕਥਾਮ ਸਬੰਧੀ ਜਾਰੀ ਕੀਤੀਆਂ ਗਾਇਡਲਾਇਨਜ ਅਦਾਰਿਆਂ ਦੇ ਪ੍ਰਬੰਧਕਾਂ ਨੂੰ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਕੰਮ ਕਰਦੇ ਕਿਰਤੀਆਂ ਨੂੰ ਇਸ ਸਬੰਧੀ ਜਾਗਰੂਕ ਕੀਤਾ ਜਾ ਸਕੇ। ਇਸ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਗਾਈਡਲਾਈਨਜ ਨੂੰ ਅਮਲ ਵਿੱਚ ਲਿਆਂਦਾ ਜਾਵੇ ਅਤੇ ਅਦਾਰਿਆਂ ਦਾ ਦੌਰਾ ਕੀਤਾ ਜਾਵੇ, ਤਾਂ ਜੋ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ। ਇਸ ਕੰਮ ਲਈ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਕੰਮ ਕਰ ਰਹੀਆਂ ਪ੍ਰਬੰਧਕੀ ਐਸੋਸੀਏਸ਼ਨਾਂ/ਟਰੇਡ ਯੂਨੀਅਨਾਂ/NGO ਨਾਲ ਵੀ ਸੰਪਰਕ ਕੀਤਾ ਜਾਵੇ। ਇਸ ਮੰਤਵ ਲਈ ਜੇਕਰ ਕਿਸੇ ਕਿਸਮ ਦੀ ਸਹਾਇਤਾ ਦੀ ਜਰੂਰਤ ਜਾਪਦੀ ਹੈ ਤਾਂ ਆਪਣੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨਾਲ ਰਾਬਤਾ ਕੀਤਾ ਜਾਵੇ। ਇਸ ਸਬੰਧ ਵਿੱਚ ਕੀਤੀ ਗਈ ਕਾਰਵਾਈ ਦੀ ਰਿਪੋਰਟ ਕਿਰਤ ਕਮਿਸ਼ਨਰ, ਪੰਜਾਬ ਨੂੰ ਭੇਜੀ ਜਾਵੇ।

ਪ੍ਰਮੁੱਖ ਸਕੱਤਰ, ਕਿਰਤ,
ਪੰਜਾਬ ਸਰਕਾਰ।

ਪਿੱਠ ਅੰਕਣ ਨੰ: ਮਿਤੀ:

ਇਸ ਦਾ ਇੱਕ ਉਤਾਰਾ ਰਾਜ ਦੇ ਸਾਰੇ ਡਿਪਟੀ ਕਮਿਸ਼ਨਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਫੈਕਟਰੀਆਂ/ਦੁਕਾਨਾਂ/ਵਪਾਰਕ ਅਦਾਰਿਆਂ ਵਿੱਚ ਇਹ ਗਾਈਡਲਾਈਨਜ ਲਾਗੂ ਕਰਨ ਲਈ ਅਤੇ COVID-19 ਦੀ ਰੋਕਥਾਮ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਲੋੜੀਂਦੀ ਸਹਾਇਤਾ ਦੇਣ ਲਈ ਪੁੱਖਤਾ ਪ੍ਰਬੰਧ ਕੀਤੇ ਜਾਣ। ਡਿਪਟੀ ਕਮਿਸ਼ਨਰ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਲੋੜ ਅਨੁਸਾਰ ਜਿਲ੍ਹਾ ਪ੍ਰਸ਼ਾਸਨ ਦੇ ਬਾਕੀ ਅਫਸਰਾਂ/ਅਧਿਕਾਰੀਆਂ ਦੀਆਂ ਟੀਮਾਂ ਬਣਾ ਕੇ ਅਦਾਰਿਆਂ ਨੂੰ ਚੈਕ ਕਰਵਾ ਲਿਆ ਜਾਵੇ, ਤਾਂ ਜੋ ਇਨ੍ਹਾਂ ਗਾਈਡਲਾਈਨਜ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ।

ਸਹੀ/-
ਪ੍ਰਮੁੱਖ ਸਕੱਤਰ, ਕਿਰਤ,
ਪੰਜਾਬ ਸਰਕਾਰ।

Scanned with CamScanner